Homework – week of 10/13/2018

## ਵਿਆਕਰਣ

ਕਿਸੇ ਬੋਲੀ ਨੂੰ ਸ਼ੁੱਧ ਅਤੇ ਸਹੀ ਢੰਗ ਨਾਲ ਪੜਣ ਅਤੇ ਲਿਖਣ ਲਈ ਬਣਾਏ ਗਏ ਨਿਯਮਾਂ ਨੂੰ ਵਿਆਕਰਣ ਕਿਹਾ ਜਾਂਦਾ ਹੈ।

ਇਸ ਦੇ ਤਿੰਨ ਭਾਗ ਹੁੰਦੇ ਹਨ:

ਅੱਖਰ ਬੋਧ ~ ਇਸ ਵਿੱਚ ਅੱਖਰਾਂ, ਲਗਾਂ-ਮਾਤਰਾਂ ਦਾ ਪਤਾ ਲੱਗਦਾ ਹੈ।

ਸ਼ਬਦ ਬੋਧ ~ ਇਸ ਵਿੱਚ ਅੱਖਰਾਂ ਤੋਂ ਸ਼ਬਦ ਬਨਾਉਣ ਤੇ ਵੰਡ ਦਾ ਪਤਾ ਲੱਗਦਾ ਹੈ।

ਵਾਕ ਬੋਧ ~ ਇਸ ਵਿੱਚ ਵਾਕਾਂ ਦੀ ਬਣਤਰ, ਵੰਡ ਅਤੇ ਵਿਸ਼ਰਾਮ ਚਿੰਨਾਂ ਦਾ ਪਤਾ ਲੱਗਦਾ ਹੈ।

~ ਜਿਸ ਤੋਂ ਭਾਸ਼ਾ ਦਾ ਸ਼ੁੱਧ ਅਤੇ ਰੂਪ ਦਾ ਪਤਾ ਲੱਗਦਾ ਹੈ

~ ਕਿਵੇਂ ਲਿਖਣਾ

~ ਵਾਕ ਵਿੱਚ ਕਿਹੜਾ ਸ਼ਬਦ ਪਹਿਲਾਂ ਆਉਣਾ ਤੇ ਕਿਹੜਾ ਪਿੱਛੋਂ

## 2. ਸ਼ਬਦ (ਿੲਰਦ)

ਦੋ ਜਾਂ ਦੋ ਤੋਂ ਵੱਧ ਅੱਖਰਾਂ ਦੇ ਸਮੂਹ ਨੂੰ ਸ਼ਬਦ ਆਖਦੇ ਹਨ। ਜਿਵੇਂ : ਤਰ = ਤ+ਰ, ਕਮਲ = ਕ+ਮ+ਲ

ਸ਼ਬਦ ਦੋ ਪ੍ਰਕਾਰ ਦੇ ਹੁੰਦੇ ਹਨ

**ਸਾਰਥਕ ਸ਼ਬਦ :** ਉਹ ਸ਼ਬਦ ਹੈ ਜਿਸ ਦੇ ਕੁਝ ਅਰਥ ਨਿਕਲਣ, ਜਿਵੇਂ - ਰੋਟੀ, ਪਾਣੀ, ਚਾਹ।

**ਨਿਰਾਰਥਕ ਸ਼ਬਦ**: ਉਹ ਸ਼ਬਦ ਹੈ ਜਿਸਦਾ ਕੋਈ ਅਰਥ ਨਹੀਂ ਨਿਕਲਦਾ। ਜਿਵੇਂ - ਰੂਟੀ, ਧਾਣੀ, ਚੂਹ।

### ਸਾਰਥਕ ਸ਼ਬਦ ਦੋ ਪ੍ਰਕਾਰ ਦੇ ਹੁੰਦੇ ਹਨ।

**ਵਿਕਾਰੀ ਸ਼ਬਦ**: ਉਹ ਸ਼ਬਦ ਹਨ, **ਜਿਹਨਾਂ ਦਾ ਰੂਪ ਬਦਲ ਜਾਂਦਾ ਹੈ।** ਇਹ ਸ਼ਬਦ ਚਾਰ ਪ੍ਰਕਾਰ ਦੇ ਹੁੰਦੇ ਹਨ।

੧. ਨਾਂਵ ੨. ਪੜਨਾਂਵ ੩. ਵਿਸ਼ੇਸ਼ਣ ੪. ਕਿਰਿਆ

**ਅਵਿਕਾਰੀ ਸ਼ਬਦ:** ਉਹ ਸ਼ਬਦ ਹਨ, **ਜਿਹਨਾਂ ਦਾ ਰੂਪ ਸਦਾ ਇਕੋ ਜਿਹਾ ਰਹਿੰਦਾ ਹੈ।** ਇਹ ਸ਼ਬਦ ਚਾਰ ਪ੍ਰਕਾਰ ਦੇ ਹੁੰਦੇ ਹਨ।

੧. ਕਿਰਿਆ ਵਿਸ਼ੇਸ਼ਣ ੨. ਸੰਬੰਧਕ ੩.ਯੋਜਕ ੪. ਿਵਸਮਿਕ

**Sahibjit Singh Ji** : You will  also take  the quiz on below definitions

ਭਾਸ਼ਾ ਦੀ ਪਰਿਭਾਸ਼ਾ, ਮੌਖਿਕ ਭਾਸ਼ਾ, ਲਿਖਤੀ ਭਾਸ਼ਾ, ਸੰਕੇਤਕ ਭਾਸ਼ਾ

ਬੋਲੀ ਜਾਂ ਭਾਸ਼ਾ ਵਿੱਚ ਬਹੁਤ ਥੋੜਾ ਅੰਤਰ ਹੈ। ਖੇਤਰੀ ਭਾਸ਼ਾ ਨੂੰ ਬੋਲੀ ਆਖਦੇ ਹਨ ਅਤੇ ਜਿਹੜੀ ਬੋਲੀ ਸਾਰੇ ਦੇਸ਼ ਵਿੱਚ ਸਮਝੀ ਜਾਂ ਬੋਲੀ ਜਾਂਦੀ ਹੈ ਉਹ ਭਾਸ਼ਾ ਹੈ।

ਮਾਤ ਭਾਸ਼ਾ,  ਲਿੱਪੀ:

- **Any question you may have please see one of us before or after class.**

Read this SAKHI

# ਸੱਚੀ ਪੜ੍ਹਾਈ

ਗੁਰੂ ਨਾਨਕ ਦੇਵ ਜੀ ਦਾ ਜਨਮ 1469 ਈਸਵੀ ਵਿਚ ਰਾਏ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ) ਜ਼ਿਲ੍ਹਾ ਸ਼ੇਖ਼ੂਪੁਰਾ (ਪਾਕਿਸਤਾਨ) ਵਿਚ ਹੋਇਆ। ਉਨ੍ਹਾਂ ਦੇ ਪਿਤਾ ਮਹਿਤਾ ਕਾਲੂ, ਪਿੰਡ ਦੇ ਹਾਕਮ ਰਾਏ ਬੁਲਾਰ ਪਾਸ ਪਟਵਾਰੀ ਸਨ। ਗੁਰੂ ਜੀ ਜਦੋਂ ਸੱਤ ਸਾਲਾਂ ਦੇ ਹੋਏ ਤਾਂ ਉਨ੍ਹਾਂ ਦੇ ਪਿਤਾ ਨੇ ਉਨ੍ਹਾਂ ਨੂੰ ਪਿੰਡ ਦੇ ਪਾਂਧੇ ਗੁਪਾਲ ਦਾਸ ਪਾਸ ਹਿਸਾਬ-ਕਿਤਾਬ ਅਤੇ ਦੇਵਨਾਗਰੀ ਸਿੱਖਣ ਲਈ ਭੇਜਣਾ ਸ਼ੁਰੂ ਕੀਤਾ।

ਇਕ ਦਿਨ ਗੁਰੂ ਜੀ ਫੱਟੀ ਅੱਗੇ ਰਖ ਕੇ ਚੁੱਪ ਕਰ ਕੇ ਬੈਠੇ ਸਨ। ਗੁਰੂ ਜੀ ਨੂੰ ਇਸ ਤਰ੍ਹਾਂ ਬੈਠੇ ਦੇਖ ਕੇ ਪਾਂਧੇ ਨੇ ਪੁੱਛਿਆ, "ਨਾਨਕ, ਤੂੰ ਆਪਣਾ ਪਾਠ ਕਿਉਂ ਨਹੀਂ ਯਾਦ ਕਰਦਾ ?" ਗੁਰੂ ਜੀ ਨੇ ਉੱਤਰ ਦਿੱਤਾ, "ਪਾਂਧਾ ਜੀ, ਇਹ ਪਾਠ ਯਾਦ ਕਰਨ ਦਾ ਕੀ ਲਾਭ ਜਿਹੜਾ ਸਵਾਏ ਤੋਂ ਡੇਢੇ ਤੇ ਡੇਢਿਆਂ ਤੋਂ ਦੁਗਣੇ ਕਰਨ ਦੇ ਹੀ ਢੰਗ ਦੱਸਦਾ ਹੈ। ਇਹ ਪਾਠ ਇਹ ਨਹੀਂ ਦੱਸਦਾ ਕਿ ਕਿਵੇਂ ਦੁਨੀਆਂ ਦੇ ਬੰਧਨਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।"

ਪਾਂਧੇ ਨੇ ਕਿਹਾ, "ਨਾਨਕ, ਮੈਂ ਤਾਂ ਗਿਣਤੀ ਮਿਣਤੀ ਵਾਲੀ ਹੀ ਪੜ੍ਹਾਈ ਸਿੱਖੀ ਹੈ ਅਤੇ ਇਹ ਹੀ ਸਿਖਾਉਂਦਾ ਆ ਰਿਹਾ ਹਾਂ। ਜੇ ਤੈਨੂੰ ਦੁਨੀਆਂ ਦੇ ਬੰਧਨਾਂ ਤੋਂ ਛੁਟਕਾਰਾ ਪਾਉਣ ਵਾਲੀ ਪੜ੍ਹਾਈ ਆਉਂਦੀ ਹੈ ਤਾਂ ਉਹ ਮੈਨੂੰ ਦੱਸ ?" ਗੁਰੂ ਜੀ ਨੇ ਉੱਤਰ ਦਿੱਤਾ, "ਪਾਂਧਾ ਜੀ, ਇਸ ਕਲਮ ਅਤੇ ਸਿਆਹੀ ਨਾਲ ਇਸ ਫੱਟੀ ਉੱਪਰ ਲਿਖਣਾ ਅਤੇ ਪੜ੍ਹਨਾ ਸੰਸਾਰਕ ਕਿਰਿਆ ਹੈ, ਜਿਸ ਨਾਲ ਮਨ ਇਸ ਦੁਨੀਆਂ ਦੇ ਧੰਦਿਆਂ ਵਿਚ ਫਸਦਾ ਹੈ ਅਤੇ ਜੀਵ ਨੂੰ ਬੰਧਨ ਪੈਂਦੇ ਹਨ। ਬੰਧਨਾਂ ਵਿਚ ਫਸੇ ਹੋਏ ਜੀਵ ਦੇ ਮਨ ਵਿਚ ਵਿਕਾਰ ਪੈਦਾ ਹੁੰਦੇ ਹਨ। ਸੱਚੀ ਲਿਖਾਈ-ਪੜ੍ਹਾਈ ਨਾਲ ਇਸ ਦੁਨੀਆਂ ਦੇ ਬੰਧਨਾਂ ਤੋਂ ਮੋਹ ਟੁਟਦਾ ਹੈ ਅਤੇ ਮਨ ਵਿਕਾਰਾਂ ਤੋਂ ਛੁੱਟਦਾ ਹੈ। ਮਨ ਦੇ ਨਿਰਮਲ ਹੋਣ ਉਪ੍ਰੰਤ ਇਸ ਵਿਚ ਸ਼ੁਭ ਵਿਚਾਰ ਉਪਜਦੇ ਹਨ। ਉਹ ਸੱਚੀ ਪੜ੍ਹਾਈ, ਇਸ ਦੁਨੀਆਂ ਨੂੰ ਪੈਦਾ ਕਰਨ ਵਾਲੇ ਅਤੇ ਇਸਦੀ ਦੇਖਭਾਲ ਕਰਨ ਵਾਲੇ ਦੀ ਉਸਤਤ ਵੱਲ ਪ੍ਰੇਰਦੀ ਹੈ। ਉਸਦੇ ਗੁਣ ਗਾਉਣ ਨਾਲ ਤਨ ਮਨ ਸੁਖੀ ਹੁੰਦਾ ਹੈ ਅਤੇ ਮਨ ਵਿੱਚੋਂ ਜਨਮ-ਮਰਨ ਦਾ ਡਰ ਸਦਾ ਲਈ ਦੂਰ ਹੋ ਜਾਂਦਾ ਹੈ।"

ਪਾਂਧੇ ਨੇ ਕਿਹਾ, "ਹੇ ਨਾਨਕ, ਜੋ ਕੁਝ ਮੈਨੂੰ ਆਉਂਦਾ ਸੀ, ਉਹ ਮੈਂ ਤੈਨੂੰ ਦੱਸ ਦਿੱਤਾ। ਇਹ ਸੱਚੀ ਪੜ੍ਹਾਈ ਮੈਨੂੰ ਨਹੀਂ ਆਉਂਦੀ। ਮੈਂ ਇਹ ਨਹੀਂ ਪੜ੍ਹਾ ਸਕਦਾ।" ਗੁਰੂ ਜੀ ਨੇ ਸਾਰੀ ਕਹਾਣੀ ਘਰ ਆ ਕੇ ਦੱਸ ਦਿੱਤੀ। ਉਨ੍ਹਾਂ ਦਿਨਾਂ ਵਿਚ ਗੁਰੂ ਜੀ ਅਜੇ ਸਿਰਫ਼ ਤੇਰ੍ਹਾਂ ਸਾਲਾਂ ਦੇ ਹੀ ਸਨ। ਉਨ੍ਹਾਂ ਦੇ ਪਿਤਾ ਨੇ ਉਨ੍ਹਾਂ ਨੂੰ ਫ਼ਾਰਸੀ ਸਿੱਖਣ ਲਈ ਮੌਲਵੀ ਕੁਤਬਦੀਨ ਪਾਸ ਭੇਜਣਾ ਅਰੰਭ ਕਰ ਦਿੱਤਾ। ਇਕ ਦਿਨ ਗੁਰੂ ਜੀ ਨੇ ਮੌਲਵੀ ਨੂੰ ਪੁੱਛਿਆ, "ਇਨ੍ਹਾਂ ਅਲਫ਼, ਬੇ ਆਦਿ ਅੱਖਰਾਂ ਦੇ ਕੀ ਅਰਥ ਹਨ ?" ਮੌਲਵੀ ਪਾਸੋਂ ਇਸ ਤਰ੍ਹਾਂ ਦਾ ਸਵਾਲ ਪਹਿਲਾਂ ਕਦੇ ਕਿਸੇ ਨੇ ਪੁੱਛਿਆ ਨਹੀਂ ਸੀ। ਉਸਨੂੰ ਕੋਈ ਉੱਤਰ ਨਾ ਸੁਝਿਆ ਤਾਂ ਉਸ ਨੇ ਕਿਹਾ, "ਨਾਨਕ, ਤੂੰ ਹੀ ਦੱਸ ਇਨ੍ਹਾਂ ਦੇ ਕੀ ਅਰਥ ਹਨ ?" ਗੁਰੂ ਜੀ ਨੇ ਮੌਲਵੀ ਨੂੰ ਅਲਫ਼ ਤੋਂ ਯੇ ਤਕ ਦੇ ਸਾਰੇ ਅੱਖਰਾਂ ਦੇ ਅਰਥ ਪਰਮਾਤਮਾ ਦੀ ਉਸਤਤ ਵਿਚ ਸੁਣਾ ਦਿੱਤੇ। ਗੁਰੂ ਜੀ ਪਾਸੋਂ ਅੱਖਰਾਂ ਦੇ ਅਰਥ ਸੁਣ ਕੇ ਮੌਲਵੀ ਨੇ ਸਮਝ ਲਿਆ ਕਿ ਜੇ ਵਿਚਾਰ ਕੀਤਾ ਜਾਵੇ ਤਾਂ ਇਹ ਦੁਨਿਆਵੀ ਪੜ੍ਹਾਈ ਪਰਮਾਤਮਾ ਦੀਆਂ ਸਿਫ਼ਤਾਂ ਹਨ। ਸਿਫ਼ਤਾਂ ਦਾ ਵਿਚਾਰਨਾ ਹੀ ਸੱਚੀ ਪੜ੍ਹਾਈ ਹੈ।

# ਏਕਤਾ ਵਿੱਚ ਸ਼ਕਤੀ

ਇੱਕ ਕਿਸਾਨ ਦੇ ਖੇਤਾਂ ਵਿੱਚ ਇੱਕ ਸੱਪ ਰਹਿੰਦਾ ਸੀ। ਉਹ ਪੰਛੀ, ਚੂਹੇ ਅਤੇ ਡੱਡੂਆਂ ਦਾ ਭੋਜਨ ਕਰਦਾ ਸੀ। ਉਹ ਰਾਤ ਨੂੰ ਸ਼ਿਕਾਰ ਲੱਭਦਾ ਅਤੇ ਦਿਨ ਵੇਲੇ ਸਾਰਾ ਸਮਾਂ ਅਰਾਮ ਕਰਨ ਵਿੱਚ ਗੁਜ਼ਾਰ ਦਿੰਦਾ ਸੀ, ਜਿਸ ਕਰਕੇ ਉਸਦਾ ਸ਼ਰੀਰ ਬਹੁਤ ਮੋਟਾ ਅਤੇ ਭਾਰਾ ਹੋ ਗਿਆ ਸੀ। ਹੁਣ ਉਸਦਾ ਆਪਣੀ ਖੁੱਡ ਵਿੱਚ ਵੜਨਾ ਮੁਸ਼ਕਿਲ ਹੋ ਗਿਆ ਸੀ। ਉਸਨੇ ਆਪਣੇ ਰਹਿਣ ਦਾ ਟਿਕਾਣਾ ਬਦਲਣ ਦਾ ਫੈਸਲਾ ਕੀਤਾ।



ਬਹੁਤ ਸਮਾਂ ਇੱਧਰ-ਉੱਧਰ ਲੱਭਣ ਮਗਰੋਂ ਉਸਨੂੰ ਇੱਕ ਬਹੁਤ ਵੱਡੇ ਤਣੇ ਵਾਲਾ ਦਰਖ਼ਤ ਮਿਲਿਆ ਜਿਸਨੂੰ ਉਸਨੇ ਆਪਣਾ ਘਰ ਬਨਾਉਣ ਦਾ ਫੈਸਲਾ ਕੀਤਾ।

ਉਸ ਦਰਖ਼ਤ ਦੇ ਪੈਰਾਂ ਵਿੱਚ ਕੀੜੀਆਂ ਦਾ ਬਹੁਤ ਵੱਡਾ ਘਰ ਸੀ। ਸੱਪ ਨੂੰ ਉਹ ਚੰਗਾ ਨਾ ਲੱਗਾ। ਸੱਪ ਨੂੰ ਆਪਣੇ ਬਲਵਾਨ ਅਤੇ ਤਾਕਤਵਰ ਹੋਣ ਦਾ ਬਹੁਤ ਹੰਕਾਰ ਸੀ। ਉਸਨੇ ਕੀੜੀਆਂ ਨੂੰ ਆਦੇਸ਼ ਦਿੱਤਾ, "ਤੁਸੀਂ ਇਹ ਥਾਂ ਛੱਡ ਕੇ ਚਲੇ ਜਾਓ।" ਉਸ ਦਰਖ਼ਤ ਉੱਤੇ ਰਹਿੰਦੇ ਬਾਕੀ ਸਾਰੇ ਪੰਛੀ ਅਤੇ ਨਿੱਕੇ ਜੀਵ ਉਸਤੋਂ ਡਰਦੇ ਪਹਿਲਾਂ ਹੀ ਉੱਥੋਂ ਚਲੇ ਗਏ ਸਨ।

ਪਰ ਕੀੜੀਆਂ ਸੱਪ ਤੋਂ ਨਹੀਂ ਡਰਦੀਆਂ ਸਨ। ਉਹਨਾਂ ਨੇ ਸੱਪ ਦੀ ਗੱਲ ਵੱਲ ਕੋਈ ਧਿਆਨ ਨਾ ਦਿੱਤਾ ਅਤੇ ਆਪਣੇ ਕੰਮ ਵਿੱਚ ਮਗਨ ਰਹੀਆਂ। ਸੱਪ ਨੂੰ ਇਹ ਵੇਖ ਕੇ ਬਹੁਤ ਗੁੱਸਾ ਆਇਆ। ਕੀੜੀਆਂ ਨੂੰ ਸਬਕ ਸਿਖਾਉਣ ਲਈ ਉਹ ਉਹਨਾਂ ਦਾ ਘਰ ਢਾਹੁਣ ਦੀ ਕੋਸ਼ਿਸ਼ ਕਰਨ ਲੱਗਾ। ਆਪਣਾ ਘਰ ਢਹਿੰਦਾ ਵੇਖ ਕੇ ਕੀੜੀਆਂ ਨੇ ਇਕੱਠੀਆਂ ਹੋ ਕੇ ਸੱਪ ਉੱਤੇ ਹਮਲਾ ਕਰ ਦਿੱਤਾ।

ਹਜ਼ਾਰਾਂ ਕੀੜੀਆਂ ਸੱਪ ਦੇ ਸ਼ਰੀਰ ਉੱਤੇ ਚੜ੍ਹ ਗਈਆਂ ਅਤੇ ਉਸਨੂੰ ਕੱਟਣ ਲੱਗੀਆਂ। ਇੰਨੀਆਂ ਸਾਰੀਆਂ ਕੀੜੀਆਂ ਦੇ ਕੱਟਣ ਦੀ ਦਰਦ ਸੱਪ ਤੋਂ ਸਹਾਰੀ ਨਾ ਗਈ ਅਤੇ ਉਹ ਦਮ ਤੋੜ ਗਿਆ। ਇਸ ਤਰ੍ਹਾਂ ਕੀੜੀਆਂ ਨੇ ਆਪਣੀ ਏਕਤਾ ਨਾਲ ਇੰਨੇ ਬਲਵਾਨ ਸੱਪ ਦਾ ਖ਼ਾਤਮਾ ਕਰ ਦਿੱਤਾ।